ਹਵਾਲਾ ਅਧੀਨ

NB 320
29-5-19

**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ ਸ.ਅ.ਸ ਨਗਰ**
**ਪੀ.ਐਸ.ਈ.ਬੀ.ਕੰਪਲੈਕਸ,ਫੇਜ-8 ਸ.ਅ.ਸ.ਨਗਰ**
**(ਵੋਕਸ਼ਨਲ ਸ਼ਾਖਾ)**

ਸੇਵਾ ਵਿਖੇ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈਸਿ),

ਪੰਜਾਬ ਰਾਜ।

ਮੀਮੋ ਨੰ:- 4/16-18 ਵੋਕ (2)/ 2019156345

ਮਿਤੀ, ਸਅਸ ਨਗਰ- 28-05-2019

1714
29/5/19

ਵਿਸ਼ਾ: ਵੋਕੇਸ਼ਨਲ ਸਿੱਖਿਆ ਅਧੀਨ ਟ੍ਰੇਡਾਂ ਦੀ ਗੁਣਵੱਤਾ ਅਤੇ ਇਕਸਾਰਤਾ ਲਿਆਉਣ ਹਿੱਤ ਰੈਸਨੇਲਾਈਜ਼ੇਸ਼ਨ ਕਰਨ ਸਬੰਧੀ।

1. ਉਪਰੋਕਤ ਵਿਸ਼ੇ ਦੇ ਸਬੰਧ ਵਿਚ।

2. ਸਿੱਖਿਆ ਵਿਭਾਗ ਅਧੀਨ ਵੋਕੇਸ਼ਨਲ ਸਿੱਖਿਆ ਅਧੀਨ ਚੱਲ ਰਹੀਆਂ ਸਕੀਮਾਂ/ਟ੍ਰੇਡਾਂ ਨੂੰ ਹੋਰ ਬਿਹਤਰ ਬਨਾਉਣ ਲਈ ਵੋਕੇਸ਼ਨਲ ਟ੍ਰੇਡਾਂ ਦੀ ਰੈਸਨੇਲਾਈਜੇਸ਼ਨ ਕੀਤੀ ਜਾਣੀ ਹੈ।

3. ਇਸ ਲਈ ਸਮੂਹ ਜ਼ਿਲ੍ਹਾ ਸਿੱਖਿਆ ਅਫਸਰਾਂ/ ਜ਼ਿਲ੍ਹਾ ਵੋਕੇਸ਼ਨਲ ਕੋਆਰਡੀਨੇਟਰਾਂ ਨੂੰ ਲਿਖਿਆ ਜਾਂਦਾ ਹੈ ਕਿ ਪੱਤਰ ਨਾਲ ਨੱਥੀ ਸੂਚੀ ਅਨੁਸਾਰ ਸਬੰਧਤ ਸਕੂਲਾਂ ਦੇ ਵੋਕੇਸ਼ਨਲ ਲੈਕਚਰਾਰਾਂ/ ਮਾਸਟਰਾਂ ਨੂੰ ਮਿਤੀ 30.05.2019 ਤੋਂ 08.06.2019 ਤੱਕ (Schedule ਅਨੁਸਾਰ) ਸਵੇਰੇ 10:00 ਵਜੇ **ਤੀਜੀ ਮੰਜ਼ਿਲ, ਈ-ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਸ-8, ਐਸ.ਏ.ਐਸ.** ਨਗਰ ਭੇਜਣ ਦੀ ਹਦਾਇਤ ਕਰਨ।

| Date | Trades | Time |
|---|---|---|
| 30-05-2019 | Electrical, Electronics | Morning 10:00 AM. |
| 31-05-2019 | Modern Office Practices (Office Management, Secretarial Practice, General Receptionist, Purchase and Storekeeping) | Morning 10:00 AM. |
| 01-06-2019 | Textile Designing, Textile Weaving, Textile Practice | Morning 10:00 AM. |
| 03-06-2019 | Marketing, Mechanical | Morning 10:00 AM. |
| 04-06-2019 | Knitting, Insurance, Import and Export Mgmt. | Morning 10:00 AM. |
| 06-06-2019 | Garment Making, Food Preservation, Cooperative Management | Morning 10:00 AM. |
| 08-06-2019 | Architecture, Automobile Engineering, Computer Science, Banking and Financial Services | Morning 10:00 AM. |

4. ਉਪਰੋਕਤ ਅਨੁਸਾਰ ਸਬੰਧਤ ਟ੍ਰੇਡ ਦੇ ਲੈਕਚਰਾਰ/ ਮਾਸਟਰ ਨੂੰ ਨਿਸ਼ਚਿਤ ਮਿਤੀ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ। ਕਰਮਚਾਰੀਆਂ ਨੂੰ ਆਪਣੀ ਸਹਿਮਤੀ ਦਾ ਸਟੇਸ਼ਨ ਲੈਣ ਦਾ ਇਕ ਹੀ ਮੌਕਾ ਦਿੱਤਾ ਜਾਵੇਗਾ, ਦਰਸਾਈ ਮਿਤੀ ਨੂੰ ਹਾਜ਼ਰ ਨਾ ਹੋਣ ਦੀ ਸੂਰਤ ਵਿੱਚ ਕਰਮਚਾਰੀ ਦੀ ਜਿੰਮੇਵਾਰੀ ਆਪਣੀ ਨਿੱਜੀ ਹੋਵੇਗੀ ਅਤੇ ਵਿਭਾਗ ਵਲੋਂ ਸਬੰਧਤ ਨੂੰ ਆਪਣੇ ਪੱਧਰ ਤੇ ਸਟੇਸ਼ਨ ਦੇ ਦਿੱਤਾ ਜਾਵੇਗਾ।

Scanned by CamScanner

5. ਉਕਤ ਰੈਸ਼ਨੇਲਾਈਜ਼ੇਸ਼ਨ ਸਮੇਂ ਸਮੂਹ ਜ਼ਿਲ੍ਹਾ ਵੋਕੇਸ਼ਨਲ ਕੋਆਰਡੀਨੇਟਰ ਹਾਜ਼ਰ ਹੋਣਗੇ ਅਤੇ ਉਹ ਆਪਣੇ ਜ਼ਿਲ੍ਹੇ ਨਾਲ ਸਬੰਧਤ ਟ੍ਰੇਡ ਵਾਇਜ਼ ਵੋਕੇਸ਼ਨਲ ਲੈਕਚਰਾਰਾਂ/ਮਾਸਟਰਾਂ ਦਾ ਮੁਕੰਮਲ ਡਾਟਾ ਲੈਕੇ ਆਉਣਗੇ।

**ਮੁਹੰਮਦ ਤਈਅਬ, ਆਈ.ਏ.ਐੱਸ.**
ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

ਪਿੱਠ ਅੰਕਣ ਨੰ:- ਵੋਕੇਸ਼ਨਲ ਸਿੱਖਿਆ/2019-ਰੈਸਨੇਲਾਈਜ਼ੇਸ਼ਨ ਮਿਤੀ:-

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆਂ ਜਾਂਦਾ ਹੈ:-

1. ਨਿੱਜੀ ਸਹਾਇਕ ਟੂ ਮਾਨਯੋਗ ਸਿੱਖਿਆ ਮੰਤਰੀ ਪੰਜਾਬ ।
2. ਨਿੱਜੀ ਸਹਾਇਕ ਟੂ ਸਕੱਤਰ ਸਕੂਲ ਸਿੱਖਿਆ ਜੀ ਨੂੰ ਮਾਨਯੋਗ ਸਕੱਤਰ ਸਕੂਲ ਸਿੱਖਿਆ ਜੀ ਦੇ ਸੂਚਨਾਂ ਹਿੱਤ।
3. ਨਿੱਜੀ ਸਹਾਇਕ ਟੂ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਜੀ ਨੂੰ ਸੂਚਨਾਂ ਹਿੱਤ।
4. ਏ.ਐਸ.ਪੀ.ਡੀ. (ਪ੍ਰਕਿਉਰਮੈਂਟ) ਨੂੰ ਲਿੱਖਿਆ ਜਾਂਦਾ ਏ ਕਿ ਉਕਤ Schedule ਅਨੁਸਾਰ ਵੋਕੇਸ਼ਨਲ ਲੈਕਚਰਾਰ/ਮਾਸਟਰਾਂ ਨੂੰ ਸਟੇਸ਼ਨ ਅਲਾਟ ਕਰਨ ਲਈ ਈ-ਬਲਾਕ ਦੀ ਤੀਜੀ ਮੰਜ਼ਿਲ ਤੇ ਹਾਲ ਦੀ ਸਫਾਈ ਉਪਰੰਤ 150 ਕੁਰਸੀਆਂ, 10 ਟੇਬਲ, ਸਾਉਂਡ ਸਿਸਟਮ, ਪੱਖਿਆਂ ਦਾ ਪ੍ਰਬੰਧ ਕਰਨ ਹਿੱਤ। ਦੋ ਸੇਵਾਦਾਰ ਅਤੇ ਰਿਫ੍ਰੈਸ਼ਮੈਂਟ ਦਾ ਪ੍ਰਬੰਧ ਕਰਨ ਹਿੱਤ।
5. ਡੀ.ਐਮ. (ਐਮ.ਆਈ.ਐੱਸ.) ਪ੍ਰੋਜੈਕਟਰ ਅਤੇ ਉਪਰੇਟਰ ਦਾ ਪ੍ਰਬੰਧ ਕਰਨ ਹਿੱਤ।

ਸੰ. ਮੁਹਾਲੀ
ਡਿਪਟੀ.ਐਸ.ਪੀ.ਡੀ. (ਵੋਕੇਸ਼ਨਲ)

ਪਿੱਠ ਅੰਕਣ ਨੰ: ਗਾਈਡੈਂਸ/ਐਮਿ੍ਤਸਰ/205 ਮਿਤੀ 29/5/19

ਉਪਰੋਕਤ ਪੱਤਰ ਸਮੂਹ ਸਰਕਾਰੀ ਸਕੂਲ ਨੂੰ, ਜਿੰਨਾ ਵਿੱਚ ਵੋਕੇਸ਼ਨਲ ਸਕੀਮ ਹੈ, ਭੇਜ ਕੇ ਹਦਾਇਤ ਕੀ ਕਿ ਇਸ ਪਾਲਣਾ ਹਿੱਤ ਭੇਜਿਆ ਜਾਂਦਾ ਹੈ। ਸਕੂਲ ਮੁਖੀ ਨੂੰ ਲਿਖਿਆ ਜਾਂਦਾ ਹੈ ਕਿ ਦਿੱਤੇ ਗਏ ਸਮੇਂ ਅਤੇ ਸਥਾਨ ਤੇ ਸੰਬੰਧਤ ਵੋਕੇਸ਼ਨਲ ਲੈਕ./ਮਾਸਟਰ ਦਾ ਪਹੁੰਚਣਾ ਯਕੀਨੀ ਬਣਾਇਆ ਜਾਵੇ, ਇਸ ਦੀ ਨਿੱਜੀ ਜ਼ਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ।

ਜ਼ਿਲ੍ਹਾ ਸਿੱਖਿਆ ਅਫਸਰ (ਸੈ.)
ਅੰਮ੍ਰਿਤਸਰ
29/5/19

Scanned by CamScanner